# ਕਲਾ ਦੇ ਝਰੋਖੇ ਤੋਂ

10 Nov 96

ਗੁਰਸ਼ਰਨ ਸਿੰਘ

**ਇਕ ਨਾ ਭੁੱਲਣ ਵਾਲਾ ਨਾਟਕ ਮੇਲਾ**

ਪਹਿਲੀ ਨਵੰਬਰ ਜਲੰਧਰ ਵਿਚ ਹੋਇਆ ਗਦਰੀ ਬਾਬਿਆਂ ਦਾ ਮੇਲਾ ਜਿਥੇ ਇਕ ਮੀਲ ਪੱਥਰ ਸਾਬਤ ਹੋਇਆ ਹੈ ਤੇ ਦੇਸ਼ ਭਗਤਾਂ ਨੂੰ ਯਾਦ ਕਰਨ ਦੀਆਂ ਨਵੀਆਂ ਲੀਹਾਂ ਪਾਈਆਂ ਹਨ, ਉਥੇ ਇਹ ਮੇਲਾ ਪੰਜਾਬੀ ਨਾਟਕਾਂ ਦਾ ਇਕ ਨਾ ਭੁੱਲਣ ਵਾਲਾ ਮੇਲਾ ਹੋ ਨਿਬੜਿਆ ਹੈ। ਜੇ ਗੱਲ ਸ਼ੁਰੂ ਕਰੀਏ ਤਾਂ ਦਿਨ ਵੇਲੇ ਕੀਤਾ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਸਮਰਪਿਤ ਨਾਟਕ 'ਬੁਤ ਜਾਗ ਪਿਆ' ਬਸ਼ੀਰ ਅਲੀ ਤੇ ਕਰਨੈਲ ਸਿੰਘ ਦੀ ਅਭਿਨੈ ਕਲਾ ਕਰ ਕੇ ਦਰਸ਼ਕਾਂ ਵਿਚ ਆਪਣੀ ਅਮਿੱਟ ਯਾਦ ਛੱਡਣ ਵਿਚ ਕਾਮਯਾਬ ਹੋਇਆ। ਡਾ. ਮਾਲਾ ਹਾਸ਼ਮੀ ਦੀ ਨਿਰਦੇਸ਼ਨਾ ਥੱਲੇ ਜਨ ਨਾਟਕ ਮੰਡਲੀ ਦਿੱਲੀ ਵਲੋਂ ਕੀਤੇ ਗਏ ਨੁੱਕਰ ਨਾਟਕ ਵੀ ਨੁੱਕਰ ਨਾਟਕ ਕਲਾ ਦੀ ਆਪਣੇ ਆਪ ਵਿਚ ਪ੍ਰਾਪਤੀ ਸਨ। ਰਾਤ ਦਾ ਨਾਟਕ ਮੇਲਾ ਬਾਬਾ ਸੋਹਣ ਸਿੰਘ ਭਕਨਾ ਨੂੰ ਇਕ ਨਾਟਕ ਸ਼ਰਧਾਂਜਲੀ ਨਾਲ ਆਰੰਭ ਕੀਤਾ ਗਿਆ। ਅਗਲੇ ਨਾਟਕ ਸਨ ਪਾਲੀ ਭੁਪਿੰਦਰ ਦਾ ਉਸ ਨੂੰ ਕਹੀਂ (ਚੇਤਨਾ ਕਲਾ ਮੰਚ ਚਮਕੌਰ ਸਾਹਿਬ), ਪਿੰਜਰ (ਮੰਚ ਰੰਗ ਮੰਚ ਅੰਮ੍ਰਿਤਸਰ), ਸੁਪਨਿਆਂ ਦੇ ਬੀਜ (ਨਵਚੇਤਨ ਕਲਾ ਮੰਚ ਬਿਆਸ), ਗੰਗੋਤਰੀ (ਅਜਮੇਰ ਸਿੰਘ ਔਲਖ ਵਲੋਂ ਪੇਸ਼ ਕੀਤਾ ਨਾਟਕ) ਅਤੇ ਤੇੜਾਂ (ਸੰਗਮ ਕਲਾ ਮੰਚ ਫਗਵਾੜਾ)। ਇਹ ਸਾਰੇ ਹੀ ਨਾਟਕ ਜਿਥੇ ਆਪਣੇ ਆਪ ਵਿਚ ਉਤਮ ਨਮੂਨੇ ਹਨ ਉਥੇ ਪਿੰਜਰ ਅਤੇ ਗੰਗੋਤਰੀ ਖਾਸ ਜ਼ਿਕਰ ਦੇ ਹੱਕਦਾਰ ਹਨ। ਪਿੰਜਰ ਜੋ ਅੰਮ੍ਰਿਤਾ ਪ੍ਰੀਤਮ ਦੇ ਨਾਵਲ ਦਾ ਨਾਟਕੀ ਰੂਪ ਸੀ। ਔਰਤ ਦੀ ਵੇਦਨਾ ਦਾ ਇਹ ਨਾਵਲ ਪੰਜਾਬੀ ਸਾਹਿਤ ਵਿਚ ਆਪਣੀ ਇਕ ਥਾਂ ਰੱਖਦਾ ਹੈ ਪਰ ਡਾ. ਸਾਹਿਬ ਸਿੰਘ ਦੀ ਸਕਰਿਪਟ ਅਤੇ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਥੱਲੇ ਪੇਸ਼ ਕੀਤਾ ਇਹ ਨਾਟਕ ਇਕ ਬਹੁਤ ਹੀ ਪ੍ਰਭਾਵਸ਼ਾਲੀ ਨਾਟਕ ਹੋ ਨਿਬੜਿਆ। ਮਰਦ ਪ੍ਰਧਾਨ ਸਮਾਜ ਵਿਚ ਔਰਤ ਨੇ ਹਮੇਸ਼ਾ ਮਰਦ ਦੀ ਜ਼ਿਦ ਕਰ ਕੇ ਦੁੱਖ ਭੋਗਿਆ ਹੈ ਭਾਵੇਂ ਉਹ ਰਾਮਾਇਣ ਦੀ ਸੀਤਾ ਹੋਵੇ, ਭਾਵੇਂ ਮਹਾਭਾਰਤ ਦੀ ਦ੍ਰੋਪਤੀ ਹੋਵੇ ਤੇ ਭਾਵੇਂ ਅੰਮ੍ਰਿਤਾ ਪ੍ਰੀਤਮ ਦੀ ਪੂਰੋ ਹੋਵੇ। ਕਈ ਪਰਤਾਂ ਵਿਚ ਵਿਚਰਦਾ ਇਹ ਨਾਟਕ ਜਿਥੇ ਮਰਦ ਦੇ ਹੱਥੋਂ ਸਤਾਈ ਔਰਤ ਦਾ ਸੰਤਾਪ ਪੇਸ਼ ਕਰਦਾ ਹੈ ਉਥੇ ਧਰਮਾਂ ਦੇ ਘਿਨਾਉਣੇ ਰੂਪ ਨੂੰ ਵੀ ਬੜੇ ਸ਼ਕਤੀਸ਼ਾਲੀ ਤਰੀਕੇ ਨਾਲ ਨੰਗਾ ਕਰਦਾ ਹੈ। ਡੇਢ ਘੰਟੇ ਦਾ ਇਹ ਨਾਟਕ ਸਹਿਜੇ ਹੀ ਸਾਲ 1996 ਦੇ ਪੰਜਾਬੀ ਨਾਟਕ ਦੀ ਪ੍ਰਾਪਤੀ ਕਿਹਾ ਜਾ ਸਕਦਾ ਹੈ। ਪੂਰੋ ਦੀ ਭੂਮਿਕਾ ਵਿਚ ਰਜਿੰਦਰ ਰੋਜ਼ੀ ਨੇ ਬਹੁਤ ਹੀ ਸੁਲਝੀ ਹੋਈ ਐਕਟਿੰਗ ਕਰ ਕੇ ਇਸ ਨਾਟਕ ਦੇ ਪ੍ਰਭਾਵ ਨੂੰ ਸਿਖਰਾਂ ਤਕ ਪਹੁੰਚਾਇਆ। ਇਸ ਨਾਟਕ ਮੇਲੇ ਦੀ ਖਾਸ ਪ੍ਰਾਪਤੀ ਅਜਮੇਰ ਔਲਖ ਦਾ ਨਵਾਂ ਨਾਟਕ ਗੰਗੋਤਰੀ ਸੀ। ਇਸ ਦਾ ਵਿਸ਼ਾ ਗਰੀਬ ਬੁੜੇ ਬੰਦੇ ਵਲੋਂ ਮੁੱਲ ਦੀ ਤੀਵੀਂ ਲਿਆਉਣਾ ਹੈ। ਇਸੇ ਵਿਸ਼ੇ 'ਤੇ ਜਤਿੰਦਰ ਬਰਾੜ ਦਾ ਲਿਖਿਆ ਤੇ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਵਾਲਾ ਨਾਟਕ 'ਕੁਦੇਸਣ' ਬੜਾ ਮਕਬੂਲ ਹੋਇਆ ਸੀ ਪਰ ਅਜਮੇਰ ਔਲਖ ਦਾ ਗੰਗੋਤਰੀ ਇਸੇ ਵਿਸ਼ੇ ਨੂੰ ਇਕ ਨਵੀਂ ਦ੍ਰਿਸ਼ਟੀ ਨਾਲ ਪੇਸ਼ ਕਰਦਾ ਹੈ। ਗਰੀਬ ਬੁੜਿਆ ਹੋਇਆ ਬੰਦਾ ਮੁੱਲ ਦੀ ਤੀਵੀਂ ਲਿਆਉਂਦਾ ਹੈ, ਇਹ ਉਸ ਦੇ ਸਰੀਰ ਦੀ ਭੁੱਖ ਹੈ, ਇਹ ਉਹਦੀ ਮਜਬੂਰੀ ਹੈ ਪਰ ਉਹ ਤੀਵੀਂ ਜਦੋਂ ਉਹਨੂੰ ਪਿਆਰ ਦਿੰਦੀ ਹੈ, ਉਹਦੇ ਲਈ ਇਕ ਬੱਚੀ ਨੂੰ ਜਨਮ ਦਿੰਦੀ ਹੈ ਤਾਂ ਉਹ ਉਸ ਨੂੰ ਅੱਗੇ ਵੇਚਣ ਲਈ ਮਜਬੂਰ ਹੁੰਦਾ ਹੈ। ਉਹਨੇ ਕਰਜ਼ਾ ਤਾਰਨਾ ਹੈ ਤੇ ਆਪਣੀ ਤੀਵੀਂ ਨੂੰ ਅੱਗੋਂ ਵੇਚਣਾ ਹੁਣ ਉਹਦੀ ਆਰਥਿਕ ਮਜਬੂਰੀ ਹੈ। ਨਿੱਕੀਆਂ ਨਿੱਕੀਆਂ ਮਾਨਵਵਾਦੀ ਛੋਹਾਂ ਨਾਲ ਨਿਭਾਇਆ ਇਹ ਨਾਟਕ ਆਉਣ ਵਾਲੇ ਸਮੇਂ ਵਿਚ ਅਜਮੇਰ ਔਲਖ ਦੇ ਹੋਰ ਨਾਟਕਾਂ ਵਾਂਗ ਬਹੁਤ ਹੀ ਮਕਬੂਲ ਨਾਟਕ ਹੋਣ ਦੀ ਸੰਭਾਵਨਾ ਰੱਖਦਾ ਹੈ। ਪੰਜਾਬੀ ਨਾਟਕ ਨੂੰ ਆਪਣੇ ਇਸ ਲੇਖਕ 'ਤੇ ਹਮੇਸ਼ਾ ਹੀ ਬੜਾ ਮਾਣ ਰਹੇਗਾ।

1996 ਦਾ ਸਾਲ ਪੰਜਾਬੀ ਨਾਟਕਾਂ ਲਈ ਬੜਾ ਹੀ ਭਾਗਾਂ ਭਰਿਆ ਸਾਬਤ ਹੋ ਰਿਹਾ ਹੈ। ਇਸ ਸਾਲ 'ਉਸ ਨੂੰ ਕਹੀਂ' ਅਤੇ 'ਰਜਾਈ' ਵਰਗੇ ਨਾਟਕ ਪਹਿਲੇ ਹੋਏ ਹਨ ਅਤੇ ਹੁਣ ਪਿੰਜਰ, ਬੀਜ, ਗੰਗੋਤਰੀ ਵਰਗੇ ਨਾਟਕ ਇਸ ਮੇਲੇ ਦੀ ਪ੍ਰਾਪਤੀ ਸਾਬਤ ਹੋਏ ਹਨ। ਨਾਟਕ ਖੇਤਰ ਵਿਚ ਨਿਰਦੇਸ਼ਨਾ ਅਤੇ ਅਭਿਨੈ ਕਲਾ ਵਿਚ ਦਰਜਨਾਂ ਨਾਂ ਅੱਗੇ ਆਏ ਹਨ। ਪੰਜਾਬੀ ਦੇ ਅਕਾਦਮਿਕ ਖੇਤਰ ਵਿਚ ਨਾਟਕ ਕਲਾ ਦੇ ਇਸ ਵਿਕਾਸ ਦਾ ਨੋਟਿਸ ਲੈਣਾ ਜ਼ਰੂਰੀ ਬਣਦਾ ਹੈ।

**ਸੰਤ ਰਾਮ ਉਦਾਸੀ-ਜੀਵਨ ਅਤੇ ਸਮੁੱਚੀ ਰਚਨਾ**

ਸੰਤ ਰਾਮ ਉਦਾਸੀ, ਪੰਜਾਬੀ ਇਨਕਲਾਬੀ ਕਵਿਤਾ ਦਾ ਸਿਖਰ ਦਾ ਨਾਂ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿਚ ਗੁਰੂ ਨਾਨਕ ਤੋਂ 525 ਸਾਲਾਂ ਬਾਅਦ ਉਦਾਸੀ ਹੀ ਅਜਿਹਾ ਸਰੋਦੀ ਕਵੀ ਹੈ ਜਿਸ ਨੇ ਉਸ ਦੀ ਰਵਾਇਤ 'ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਦਰਦ ਨਾ ਆਇਆ' 'ਰਾਜੇ ਸ਼ੀਂਹ ਮੁਕੱਦਮ ਕੁਤੇ' ਨੂੰ ਕਾਇਮ ਰੱਖਦਿਆਂ ਸਮੇਂ ਦੇ ਹਾਕਮਾਂ ਨੂੰ ਹੱਕ ਸੱਚ ਦੀ ਆਵਾਜ਼ ਨਾਲ ਸਪਸ਼ਟ ਸ਼ਬਦਾਂ ਵਿਚ ਲਲਕਾਰਿਆ ਹੈ। ਇਹ ਲੋਕ ਕਵੀ 6 ਨਵੰਬਰ 1986 ਸਾਡੇ ਤੋਂ ਵਿਛੜ ਗਿਆ। ਇਸ ਕਵੀ ਦੇ ਜੀਵਨ ਅਤੇ ਸਮੁੱਚੀ ਰਚਨਾ ਬਾਰੇ ਇਕ ਵੱਡੀ ਕਿਤਾਬ ਰਜਿੰਦਰ ਰਾਹੀ ਦੀ ਸੰਪਾਦਨਾ ਥੱਲੇ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਛਾਪੀ ਗਈ ਹੈ ਤੇ 6 ਨਵੰਬਰ ਉਹਦੇ ਪਿੰਡ ਹੋਏ ਸ਼ਰਧਾਂਜਲੀ ਸਮਾਗਮ 'ਤੇ ਰਿਲੀਜ਼ ਕੀਤੀ ਗਈ ਹੈ। ਉਮੀਦ ਹੈ ਕਿ ਇਹ ਕਿਤਾਬ ਉਸ ਦੀ ਰਚਨਾ ਦਾ ਸਹੀ ਮੁਲਾਂਕਣ ਕਰਨ ਵਿਚ ਸਹਾਈ ਹੋਵੇਗੀ।

10-11-1996